# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕਾਲਜ ਸੈਕਸ਼ਨ

ਨੰ...1714.../ਕਾਲਜਾਂ/ਸ-2

ਮਿਤੀ....17.6.2026....

ਪੰਜਾਬੀ ਯੂਨੀਵਰਸਿਟੀ ਨਾਲ ਸਬੰਧਤ ਸਮੂਹ,
ਐਜੂਕੇਸ਼ਨ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਨੂੰ

ਵਿਸ਼ਾ: ਸੈਸ਼ਨ 2026-2027 ਦੌਰਾਨ ਬੀ. ਐੱਡ. (ਦੋ ਸਾਲਾ) ਕੋਰਸ ਭਾਗ ਪਹਿਲਾਂ ਦੇ ਦਾਖਲਿਆਂ ਲਈ ਮੈਨਡੇਟਰੀ ਪ੍ਰੋਫਾਰਮੇ ਸਬੰਧੀ।

ਉਕਤ ਵਿਸ਼ੇ ਸਬੰਧੀ ਮਾਨਯੋਗ ਵਾਈਸ ਚਾਂਸਲਰ ਸਾਹਿਬ ਵੱਲੋਂ ਹੋਏ ਆਦੇਸ਼ਾ ਅਨੁਸਾਰ ਸੈਸ਼ਨ 2026-27 ਦੌਰਾਨ ਬੀ.ਐਡ (ਦੋ ਸਾਲਾ) ਕੋਰਸ ਭਾਗ ਪਹਿਲਾਂ ਵਿੱਚ ਦਾਖਲਿਆਂ ਲਈ ਪੰਜਾਬ ਸਰਕਾਰ ਦੁਆਰਾ ਨੋਟੀਫਿਕੇਸ਼ਨ ਨੰ HED-EDU10M.L./19/2022-3edu/E-316266/I/1408489/2026 Dated , Chandigarh: 05.06.2026 ਦੀ ਲੋਅ ਵਿੱਚ ਸਬੰਧਤ ਦਸਤਾਵੇਜ ਦੇ ਦੋ-ਦੋ ਸੈੱਟ ਜਿਵੇਂ ਕਿ (1)ਟੀਚਿੰਗ ਸਟਾਫ ਦੀ ਲਿਸਟ ਸਮੇਤ ਅਪਰੂਵਲ ਪੱਤਰ, (2) ਸੀਟ ਮੈਟਰਿਕਸ, (3) ਸਬਜੈਕਟ ਕੰਬੀਨੇਸ਼ਨ, (4) ਕਾਲਜ ਖੋਲਣ ਸਮੇਂ ਯੂਨੀਵਰਸਿਟੀ ਵੱਲੋਂ ਜਾਰੀ ਆਰਜੀ ਸਬੰਧਤਾ ਪੱਤਰ (5) ਪੰਜਾਬ ਸਰਕਾਰ ਵੱਲੋਂ ਪ੍ਰਾਪਤ ਐਨ.ਓ.ਸੀ. ਆਦਿ ਦੇ ਨਾਲ ਨੱਥੀ ਪੱਤਰ ਨੰ. 4461/ਕਾਲਜਾਂ/ਸ-2 ਮਿਤੀ 24.03.2026 ਵਿੱਚ ਦਰਸਾਏ ਅਨੁਸਾਰ Google Form ਭਰ ਕੇ ਭੇਜਿਆ ਜਾਵੇ। ਇਸ ਤੋਂ ਇਲਾਵਾ ਸਬੰਧਤ ਕਾਲਜ ਦੇ ਚੇਅਰਮੈਨ ਵੱਲੋਂ ਮੈਨਡੇਟਰੀ ਪ੍ਰੋਫਾਰਮੇ ਤਸਦੀਕ ਕਰਨ ਸਮੇਂ ਨੱਥੀ ਫਾਰਮੇਟ ਅਨੁਸਾਰ First Class Magistrate ਵੱਲੋਂ ਤਸਦੀਕਸ਼ੁਦਾ ਹਲਫੀਆ ਬਿਆਨ ਵੀ ਦਿੱਤਾ ਜਾਵੇ। ਮੁਕੰਮਲ ਦਸਤਾਵੇਜ ਦਫਤਰ ਵਿਖੇ ਮਿਤੀ 24.06.2026 ਤੱਕ ਜਮ੍ਹਾਂ ਕਰਵਾ ਦਿੱਤੇ ਜਾਣ ਤਾਂ ਜੋ ਮੈਨਡੇਟਰੀ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾ ਸਕੇ।

ਜੇਕਰ ਸਬੰਧਤ ਦਸਤਾਵੇਜ ਕਾਲਜ ਵੱਲੋਂ ਦਫਤਰ ਵਿਖੇ ਸਮੇਂ ਸਿਰ ਜਮ੍ਹਾਂ ਨਹੀਂ ਕਰਵਾਏ ਜਾਂਦੇ ਅਤੇ ਦਾਖਲਿਆਂ ਵਿੱਚ ਕੋਈ ਦੇਰੀ ਹੁੰਦੀ ਹੈ ਤਾਂ ਇਸ ਦੀ ਸਾਰੀ ਜ਼ੁੰਮੇਵਾਰੀ ਕਾਲਜ ਮੈਨੇਜਮੈਂਟ ਦੀ ਹੋਵੇਗੀ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

17/06/2026.

ਡੀਨ, ਕਾਲਜ ਵਿਕਾਸ ਕੌਂਸਲ

# ਹਲਫੀਆ ਬਿਆਨ

ਚੇਅਰਮੈਨ/ਸਕੱਤਰ (ਕਾਲਜ ਦਾ ਨਾਮ)
ਮੈਂ ........................................ ਹਲਫ ਨਾਲ ਬਿਆਨ
........................................................................................................ ਹਲਫ ਨਾਲ ਬਿਆਨ
ਕਰਦਾ/ਕਰਦੀ ਹਾਂ ਕਿ ਸੈਸ਼ਨ 2026-27 ਦੌਰਾਨ ਬੀ.ਐਡ. ਕੋਰਸ ਦੇ ਦਾਖਲਿਆਂ ਸਬੰਧੀ HED-
EDU10M.L./19/2022-3edu/E-316266/I/1408489/2026 Dated Chandigarh: 05.06.2026
ਦੇ ਸਬੰਧ ਵਿਚ ਡੀਨ, ਕਾਲਜ ਵਿਕਾਸ ਕੌਂਸਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਦਫਤਰ ਵਿਖੇ ਬੀ.ਐਡ. ਕੋਰਸ
ਵਿਚ ਸੈਸ਼ਨ 2026-27 ਲਈ ਵਿਦਿਆਰਥੀਆਂ ਦੇ ਦਾਖਲੇ ਸਬੰਧੀ ਮੈਨਡੇਟਰੀ ਪ੍ਰੋਫਾਰਮਾ ਦੇ ਨਾਲ ਦਿੱਤੀ ਗਈ
ਜਾਣਕਾਰੀ ਅਤੇ ਕਾਲਜ ਦੇ ਪ੍ਰਿੰਸੀਪਲ ਤੋ ਇਲਾਵਾ ਟੀਚਿੰਗ ਸਟਾਫ ਸਬੰਧੀ ਦਸਤਾਵੇਜ ਸਹੀ ਵਾ ਦਰੁਸਤ ਹਨ।

ਇਹ ਵੀ ਬਿਆਨ ਕਰਦਾ/ਕਰਦੀ ਹਾਂ ਕਿ ਸੈਸ਼ਨ 2026-27 ਦੋਰਾਨ ਬੀ.ਐਡ ਕੋਰਸ ਦੇ ਦਾਖਲਿਆ ਸਬੰਧੀ
ਉਚੇਰੀ ਸਿੱਖਿਆ ਵਿਭਾਗ(ਐਜੂਕੇਸ਼ਨ 1 ਬ੍ਰਾਂਚ), ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫੀਕੇਸ਼ਨ ਨੰ: HED-
EDU10M.L./19/2022-3edu/E-316266/I/1408489/2026 Dated Chandigarh: 05.06.2026
ਦੀ ਲੋਅ ਵਿੱਚ Common Entrance test (CET) and Centralized Counseling ਲਈ ਨਾਮਜਦ ਕੋਆਡੀਨੇਟਰ
ਬੀ.ਐਡ ਦਾਖਲਾ **ਸੈਲ** ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆ ਨਿਰਧਾਰਿਤ ਹਦਾਇਤਾਂ/ਸ਼ਡਿਊਲ ਅਨੁਸਾਰ ਹੀ ਦਾਖਲੇ
ਕੀਤੇ ਜਾਣਗੇ ਅਤੇ ਉਹਨਾ ਵੱਲੋਂ ਨਿਰਧਾਰਿਤ ਨਿਯਮਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵਾਂਗਾ/ਹੋਵਾਂਗੀ। ਇਸ ਤੋ ਇਲਾਵਾ
ਜੇਕਰ ਕਾਲਜ ਵਿਖੇ ਬੀ.ਐਡ ਕੋਰਸ ਵਿੱਚ ਸੀਟਾ ਖਾਲੀ ਰਹਿ ਜਾਦੀਆਂ ਹਨ ਤਾਂ ਉਹਨਾ ਦੇ ਦਾਖਲੇ ਮੈ ਆਪਣੇ/ਕਾਲਜ
ਮੈਂਨੇਜਮੈਂਟ ਪੱਧਰ ਤੇ ਨਹੀਂ ਕਰਾਂਗਾ। ਖਾਲੀ ਸੀਟਾਂ ਦੇ ਦਾਖਲੇ ਵੀ ਬੀ.ਐਡ. ਕੋਆਡੀਨੇਟਰ ਦੀਆਂ ਹਦਾਇਤਾ/ਸ਼ਡਿਊਲ
ਅਨੁਸਾਰ ਹੀ ਕਰਨ ਦਾ ਪਾਬੰਦ ਹੋਵਾਂਗਾ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਬੀ.ਐਡ ਕੋਆਡੀਨੇਟਰ/ਪੰਜਾਬ
ਸਰਕਾਰ/ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਮੇਰੇ ਕਾਲਜ ਵਿਰੱਧ ਕੋਈ ਅਨੁਸਾਸ਼ਨਿਕ/ਪ੍ਰਸ਼ਾਸਨਿਕ ਕਾਰਵਾਈ ਕੀਤੀ
ਜਾਦੀ ਹੈ ਤਾਂ ਮੰਨਣ ਦਾ ਪਾਬੰਦ ਹੋਵਾਂਗਾ।

ਇਹ ਵੀ ਬਿਆਨ ਕਰਦਾ/ਕਰਦੀ ਹਾਂ ਕਿ ਸੈਸ਼ਨ 2026-27 ਦੋਰਾਨ ਬੀ.ਐਡ ਕੋਰਸ ਦੀ ਪੜਾਈ
ਸੁਰੂ ਹੋਣ ਤੋ ਪਹਿਲਾ ਪਹਿਲਾ ਪ੍ਰਿੰਸੀਪਲ/ਟੀਚਿੰਗ ਸਟਾਫ ਦੀ ਨਿਯੁਕਤੀ NCTE/ਯੂਨੀਵਰਸਿਟੀ ਨਿਯਮਾ ਅਨੁਸਾਰ
ਰੈਗੂਲਰ ਅਧਾਰ ਤੇ ਕਰਨ ਦਾ ਪਾਬੰਦ ਹੋਵਾਗਾਂ। ਇਹ ਵੀ ਬਿਆਨ ਕਰਦਾ/ਕਰਦੀ ਹਾਂ ਕਿ ਵਿਦਿਆਰਥੀਆਂ ਦੇ ਡੰਮੀ
ਦਾਖਲੇ ਨਹੀ ਕਰਾਂਗਾ। ਵਿਦਿਆਰਥੀਆਂ ਦੀ ਪੜਾਈ ਰੈਗੂਲਰ ਕਲਾਸਾਂ ਰਾਹੀ ਪੜਾਈ ਕਰਵਾਉਣ ਦਾ ਪਾਬੰਦ
ਹੋਵਾਂਗਾ। ਯੂਨੀਵਰਸਿਟੀ ਆਪਣੇ ਪੱਧਰ ਤੇ ਜਦੋ ਮਰਜੀ ਆਪਣੇ ਨੁਮਾਇੰਦੇ ਭੇਜ ਕੇ ਕਾਲਜ ਵਿਖੇ ਇਨ੍ਹਾਂ ਤੱਥਾ ਦੀ ਪੜਤਾਲ
ਕਰਵਾ ਸਕਦੀ ਹੈ ਅਤੇ ਸਰਤਾਂ ਦੀ ਪੂਰਤੀ ਨਾ ਕਰਨ ਦੀ ਸੂਰਤ ਵਿੱਚ ਜੇਕਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ
ਮੇਰੇ ਕਾਲਜ ਵਿਰੱਧ ਕੋਈ ਅਨੁਸਾਸ਼ਨਿਕ/ਪ੍ਰਸ਼ਾਸਨਿਕ ਕਾਰਵਾਈ ਕੀਤੀ ਜਾਦੀ ਹੈ ਤਾਂ ਮੰਨਣ ਦਾ ਪਾਬੰਦ ਹੋਵਾਂਗਾ ਅਤੇ
ਇਸ ਸਬੰਧੀ ਮੈਨੂੰ ਕੋਈ ਇਤਰਾਜ ਨਹੀ ਹੋਵੇਗਾ।

ਬਿਆਨਕਾਰ

82|C

Annexure-B

**Mandatory Proforma to be submitted by College of Education (any college not filling up this proforma shall not be permitted to admit students for session 2026-27.)**

1. Name of the College: ______________________
2. Name of the Principal: ______________________
3. E-mail address: ______________________
4. Phone No. of Principal (O): ______________________
   (R) ______________ (M) ______________
5. Approved student intake: ______________________
6. Punjab Government notification number under which college was granted Permission to open the college: ______________
7. University to which college is affiliated: ______________
8. University approval number vide which affiliation granted ________
9. Is Hostel accommodation available in college?

| Yes | No |
|---|---|

10. Nature of College:

| Co-education | Women Only |
|---|---|

11. Subjects for which teachers are available in the college.
    (Attach a separate list as appendix - A on the college letter head under the seal and signature of Principal).
12. Subject combinations offered by the college (Please note: Only those combinations are allowed for which the college has requisite teachers)
    (Attach a list of subjects offered and the number of seats for each subject).

Declaration

a) I/We have read the Punjab Govt. notification and the Prospectus of B.Ed. Admission-2019 and shall abide by all the points mentioned in it.
b) In case we do not communicate the list of selected management quota candidates, as per the schedule prepared by the Admission Committee, the coordinator of the Admission Committee shall be empowered to treat these seats as vacant and shall be allowed to offer these seats to the general category candidates according to ongoing merit.
c) No student will be forced by us to stay in the college hostel, use college transport or buy dresses/ books from college or any particular shop.
d) The above declaration is correct, if any claim is found incorrect the decision of Coordinator, Admission Committee will be binding on me and my college.

Name of the Principal: ______________________

*Signature of Principal ______________ Date:________ Place:________

Date:________ Dean College Development Council
Place: ______ of the affiliating University*

* (All signatures must be accompanied by the respective official seal.)

ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕਾਲਜ ਸੈਕਸ਼ਨ

81/C

**ਯਾਦ ਪੱਤਰ**

ਨੰ. 4461/ਕਾਲਜਾਂ/ਸ-2
ਮਿਤੀ 24/3/26

ਪੰਜਾਬੀ ਯੂਨੀਵਰਸਿਟੀ ਨਾਲ ਸਬੰਧਤ ਸਮੂਹ,
ਐਜੂਕੇਸ਼ਨ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਨੂੰ

ਵਿਸ਼ਾ: ਸੈਸ਼ਨ 2025-2026 ਦੌਰਾਨ ਬੀ. ਐੱਡ. (ਦੋ ਸਾਲਾ) ਕੋਰਸ ਲਈ ਮੈਨੇਡੇਟਰੀ ਪ੍ਰੋਫਾਰਮਾ ਤਸਦੀਕ ਕਰਵਾਉਣ ਸਮੇਂ ਪ੍ਰਿੰਸੀਪਲ ਅਤੇ ਟੀਚਿੰਗ ਸਟਾਫ ਦੀ ਪੂਰਤੀ ਸਬੰਧੀ ਦਿੱਤੇ ਗਏ ਹਲਫੀਆ ਬਿਆਨ ਸਬੰਧੀ।

ਡੀਨ, ਕਾਲਜ ਵਿਕਾਸ ਕੌਂਸਲ ਵੱਲੋਂ ਹੋਏ ਆਦੇਸਾ ਅਨੁਸਾਰ ਉਕਤ ਵਿਸ਼ੇ ਸਬੰਧੀ ਸੈਸ਼ਨ 2025-2026 ਦੌਰਾਨ ਬੀ.ਐੱਡ. ਕੋਰਸਾਂ ਦੇ ਦਾਖਲਿਆ ਲਈ ਮੈਨਡੇਟਰੀ ਪ੍ਰੋਫਾਰਮਾ ਤਸਦੀਕ ਕਰਨ ਸਮੇਂ ਰੈਗੂਲਰ ਪ੍ਰਿੰਸੀਪਲ ਅਤੇ ਲੋੜੀਂਦੇ ਟੀਚਿੰਗ ਸਟਾਫ ਦੀ ਨਿਯੁਕਤੀ ਦਾ 2/3 ਹਿੱਸਾ ਯੂਨੀਵਰਸਿਟੀ ਨਿਯਮਾਂ ਅਨੁਸਾਰ (ਯੂਨੀਵਰਸਿਟੀ ਚੋਣ ਕਮੇਟੀ ਰਾਹੀਂ) ਕਰਨ ਲਈ ਕਾਲਜ ਮੈਨੇਜਮੈਂਟ ਵੱਲੋਂ ਹਲਫੀਆ ਬਿਆਨ ਦਿੱਤਾ ਗਿਆ ਸੀ। ਕਾਲਜਾਂ ਵੱਲੋਂ ਇਸ ਸਬੰਧੀ ਕੋਈ ਗੰਭੀਰਤਾ ਨਹੀਂ ਦਿਖਾਈ ਜਾਂਦੀ।

ਇਸ ਸਬੰਧੀ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰੈਗੂਲਰ ਪ੍ਰਿੰਸੀਪਲ ਤੋਂ ਇਲਾਵਾ ਬੀ.ਐੱਡ. ਕੋਰਸ ਲਈ ਟੀਚਿੰਗ ਸਟਾਫ 2/3 ਹਿੱਸਾ ਯੂਨੀਵਰਸਿਟੀ ਨਿਯਮਾਂ ਅਨੁਸਾਰ ਨਿਯੁਕਤ ਕਰ ਕੇ ਦਫਤਰ ਨੂੰ ਸੂਚਿਤ ਕੀਤਾ ਜਾਵੇ ।

ਜਿਹੜੇ ਕਾਲਜਾਂ ਵੱਲੋਂ ਪ੍ਰਿੰਸੀਪਲ ਅਤੇ ਟੀਚਿੰਗ ਸਟਾਫ ਦੀ ਸਿਲੈਕਸ਼ਨ ਯੂਨੀਵਰਸਿਟੀ ਕਮੇਟੀ ਰਾਹੀਂ ਕਰਵਾਈ ਗਈ ਹੈ। ਨਿਯਮਾਂ ਅਨੁਸਾਰ ਉਨ੍ਹਾਂ ਦੇ ਅਪਰੂਵਲ ਕੇਸ ਸਮੇਂ ਸਿਰ ਦਫਤਰ ਵਿਖੇ ਜਮ੍ਹਾਂ ਕਰਵਾਏ ਜਾਣ। ਇਸ ਤੋਂ ਇਲਾਵਾ ਹੇਠ ਦਿੱਤਾ ਗੂਗਲ ਫਾਰਮ ਵੀ ਭਰਿਆ ਜਾਵੇ ਤਾਂ ਜੋ ਮੈਨਡੇਟਰੀ/ਪਾਰ ਦੇ ਕਾਰਜ ਵਿੱਚ ਕੋਈ ਅੜਚਣ ਨਾ ਆਵੇ।

**Link to the Google Form:**

https://docs.google.com/forms/d/e/1FAIpQLSd_ajGu6w1KB7tEhDRv2hdI83eaE8nzAIzAyBb6YeRj0S0Mlw/viewform?usp=header

**QR Code of the above link:**

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

ਡਿਪਟੀ ਰਜਿਸਟਰਾਰ (ਕਾਲਜਾਂ)